# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਫਾਊਂਡੇਸ਼ਨ, ਕੈਨੇਡਾ

**ਫੋਨ ਨੰ:+16043397117** **E-mail ID:**imkuldip@yahoo.com

ਵੱਲ

ਸ੍ਰੀ ਪਰਗਟ ਸਿੰਘ
ਮਾਣਯੋਗ ਭਾਸ਼ਾ ਮੰਤਰੀ
ਪੰਜਾਬ, ਚੰਡੀਗੜ੍ਹ।

ਵਿਸ਼ਾ: ਭਾਰਤ ਤੋਂ ਬਾਹਰ ਵੱਸਦੇ ਪੰਜਾਬੀਆਂ ਵੱਲੋਂ ਆਪ ਜੀ ਨੂੰ ਮਾਂ ਬੋਲੀ ਪੰਜਾਬੀ ਦਾ ਸਰਕਾਰੇ ਦਰਬਾਰੇ ਬਣਦੇ ਸਤਿਕਾਰ ਨੂੰ ਬਹਾਲ ਕਰਨ ਲਈ ਬੇਨਤੀ।

ਸ੍ਰੀ ਮਾਨ ਜੀ,

ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਫਾਊਂਡੇਸ਼ਨ ਕੈਨੇਡਾ ਆਪ ਜੀ ਨੂੰ ਪੰਜਾਬ ਸਰਕਾਰ ਵਿਚ ਕੈਬਨਿਟ ਮੰਤਰੀ ਬਣਨ ਤੇ ਵਧਾਈ ਦਿੰਦੀ ਹੈ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਸਰਗਰਮ ਇੱਕ ਅੰਤਰ-ਰਾਸ਼ਟਰੀ ਸੰਸਥਾ ਹੈ। ਪੰਜਾਬ ਦੇ ਕੈਬਨਿਟ ਮੰਤਰੀ ਹੋਣ ਕਾਰਨ ਹੁਣ ਤੁਸੀਂ ਖੁਦ ਹੀ ਮਾਂ ਬੋਲੀ ਪੰਜਾਬੀ ਪੱਖੀ ਫ਼ੈਸਲੇ ਲੈਣ ਦੀ ਸਥਿਤੀ ਵਿਚ ਹੋ।

ਇਸ ਲਈ ਆਪ ਜੀ ਨੂੰ ਭਾਈਚਾਰੇ ਵੱਲੋਂ ਹੇਠ ਲਿਖੀ ਬੇਨਤੀ ਕੀਤੀ ਜਾਂਦੀ ਹੈ:

1. ਪੰਜਾਬ ਸਰਕਾਰ ਵੱਲੋਂ ਹਰ ਸਾਲ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਨਿੱਠ ਕੇ ਕੰਮ ਕਰਨ ਵਾਲੀਆਂ 15 ਸ਼ਖਸੀਅਤਾਂ ਨੂੰ 10 ਲੱਖ ਅਤੇ 5 ਲੱਖ ਰੁਪਏ ਦੀ ਰਾਸ਼ੀ ਦੇ ਪੁਰਸਕਾਰ ਦਿੱਤੇ ਜਾਂਦੇ ਹਨ। ਦਸੰਬਰ 2020 ਵਿਚ ਪਿਛਲੇ ਛੇ ਸਾਲਾਂ ਦੇ ਬਕਾਇਆ 90 ਪੁਰਸਕਾਰਾਂ ਦਾ ਐਲਾਨ ਕੀਤਾ ਗਿਆ ਸੀ। ਇਹ ਚੋਣ ਕਰਦੇ ਸਮੇਂ ਰਾਜ ਸਲਾਹਕਾਰ ਬੋਰਡ ਦੇ ਮੈਂਬਰਾਂ ਵੱਲੋਂ ਘੋਰ ਪੱਖਪਾਤ ਕੀਤਾ ਗਿਆ ਅਤੇ ਆਪਣੇ ਹੀ ਨਜ਼ਦੀਕੀ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਪੁਰਸਕਾਰ ਦੇ ਦਿੱਤੇ ਗਏ। ਇਸ ਪੱਖਪਾਤ ਵਿਰੁੱਧ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੇ ਤਿੰਨ ਸੰਚਾਲਕਾਂ ਵੱਲੋਂ ਇਨ੍ਹਾਂ ਪੁਰਸਕਾਰਾਂ ਦੀ ਚੋਣ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ। ਪਟੀਸ਼ਨ ਵਿਚ ਦਰਜ ਦਲੀਲਾਂ ਨਾਲ ਸਹਿਮਤ ਹੋ ਕੇ ਮਾਣਯੋਗ ਸਿਵਲ ਅਦਾਲਤ ਵੱਲੋਂ ਆਪਣੇ ਹੁਕਮ ਮਿਤੀ 19.07.2021 ਰਾਹੀਂ ਇਨ੍ਹਾਂ ਪੁਰਸਕਾਰਾਂ ਦੀ ਵੰਡ ਉੱਪਰ ਰੋਕ ਲਗਾ ਦਿੱਤੀ ਹੈ। ਇਹ ਰੋਕ ਸਿੱਧ ਕਰਦੀ ਹੈ ਕਿ ਇਨ੍ਹਾਂ ਪੁਰਸਕਾਰਾਂ ਦੀ ਚੋਣ ਨਿਯਮਾਂ ਅਨੁਸਾਰ ਨਹੀਂ ਹੋਈ।

ਸਾਨੂੰ ਪਤਾ ਲੱਗਿਆ ਹੈ ਕਿ ਹੁਣ ਸਰਕਾਰ ਦੇ ਬਦਲ ਜਾਣ ਕਾਰਨ, ਰਾਜ ਸਲਾਹਕਾਰ ਬੋਰਡ ਦੇ ਕੁਝ ਮੈਂਬਰ ਅਤੇ ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਕੁਝ ਪ੍ਰਭਾਵਸ਼ਾਲੀ ਸ਼ਖਸੀਅਤਾਂ ਸਰਕਾਰ ਦੇ ਉੱਚ ਅਧਿਕਾਰੀਆਂ ਤੇ ਦਬਾਅ ਬਣਾ ਰਹੇ ਹਨ ਕਿ ਅਦਾਲਤ ਦੇ ਹੁਕਮ ਦੀ ਅਣਦੇਖੀ ਕਰਕੇ ਇਹ ਪੁਰਸਕਾਰ ਵੰਡ ਦਿੱਤੇ ਜਾਣ।

**ਬੇਨਤੀ ਹੈ ਕਿ ਤੁਸੀਂ ਪੁਰਸਕਾਰਾਂ ਦੀ ਇਸ ਚੋਣ ਵੱਲ ਖੁਦ ਧਿਆਨ ਦੇਵੋ ਅਤੇ ਪਹਿਲਾਂ ਕੀਤੀ ਚੋਣ ਨੂੰ ਰੱਦ ਕਰੋ। ਚਿਰਾਂ ਤੋਂ ਲਟਕ ਰਹੀ ਪੁਰਸਕਾਰ ਨੀਤੀ ਬਣਾਓ ਅਤੇ ਫੇਰ ਨਵੀਂ ਪੁਰਸਕਾਰ ਨੀਤੀ ਅਨੁਸਾਰ ਪੁਰਸਕਾਰਾਂ ਦੀ ਦੁਬਾਰਾ ਚੋਣ ਕਰਨ ਦੇ ਹੁਕਮ ਜਾਰੀ ਕਰੋ ਜੀ।**

2. ਕਿਸੇ ਸਮੇਂ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਜ਼ਿਲ੍ਹਾ ਸਿੱਖਿਆ ਅਫ਼ਸਰ ਤਾਇਨਾਤ ਸਨ ਅਤੇ ਉਹ ਪੰਜਾਬੀ ਦੇ ਵਿਕਾਸ ਲਈ ਕਾਰਜਸ਼ੀਲ ਸਨ। ਇਸ ਸਮੇਂ ਪੰਜਾਬ ਵਿਚ ਕੇਵਲ ਪਟਿਆਲੇ ਨੂੰ ਛੱਡ ਕੇ ਹੋਰ ਕਿਸੇ ਵੀ ਜ਼ਿਲ੍ਹੇ ਵਿਚ ਜ਼ਿਲ੍ਹਾ ਭਾਸ਼ਾ ਅਫ਼ਸਰ ਤਾਇਨਾਤ ਨਹੀਂ ਹੈ। ਰਜਿੰਦਰ ਪਾਲ ਸਿੰਘ ਵੱਲੋਂ ਸੂਚਨਾ ਦਾ ਅਧਿਕਾਰ ਕਾਨੂੰਨ ਅਧੀਨ ਪ੍ਰਾਪਤ ਕੀਤੀ ਗਈ ਸੂਚਨਾ ਅਨੁਸਾਰ ਪੰਜਾਬ ਦੇ ਜ਼ਿਲ੍ਹਾ ਸਿੱਖਿਆ ਦਫ਼ਤਰਾਂ ਵਿਚ ਹਾਲੇ ਵੀ ਕਰੀਬ 40 ਮੁਲਾਜ਼ਮ ਕੰਮ ਕਰਦੇ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਨਾ ਹੋਣ ਕਾਰਨ ਇਹ ਮੁਲਾਜ਼ਮ ਕੋਈ ਵੀ ਕੰਮ ਕਰਨ ਤੋਂ ਅਸਮਰੱਥ ਹਨ। ਕੁਝ ਜ਼ਿਲ੍ਹਿਆਂ ਵਿਚ ਭਾਸ਼ਾ ਵਿਭਾਗ ਵੱਲੋਂ ਆਪਣੇ ਦਫ਼ਤਰਾਂ ਲਈ ਇਮਾਰਤ ਕਿਰਾਏ ਤੇ ਲਈ ਹੋਈ ਹੈ ਇਸ ਦਾ ਕਾਫੀ ਕਿਰਾਇਆ ਹੈ। ਇੰਝ ਹਰ ਮਹੀਨੇ ਭਾਸ਼ਾ ਵਿਭਾਗ ਦਾ ਕਰੀਬ 50-60 ਲੱਖ ਰੁਪਇਆ ਬੇਕਾਰ ਜਾ ਰਿਹਾ ਹੈ। ਭਾਸ਼ਾ ਵਿਭਾਗ ਵੱਲੋਂ ਦਿੱਲੀ, ਚੰਡੀਗੜ੍ਹ ਅਤੇ ਪਟਿਆਲੇ ਵਿਚ ਹੀ ਜ਼ਿਲ੍ਹਾ ਭਾਸ਼ਾ ਅਫ਼ਸਰ ਤਾਇਨਾਤ ਕੀਤੇ ਗਏ ਹਨ ਜਦੋਂ ਕਿ ਉਨ੍ਹਾਂ ਦੀ ਲੋੜ ਪੰਜਾਬ ਵਿਚ ਜ਼ਿਆਦਾ ਹੈ।

ਆਪ ਜੀ ਨੂੰ ਬੇਨਤੀ ਹੈ ਕਿ ਇਨ੍ਹਾਂ ਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਭਾਸ਼ਾ ਵਿਭਾਗ ਦੇ ਕੰਮ-ਕਾਜ ਵਿਚ ਹੇਠ ਲਿਖੇ ਸੁਧਾਰ ਕੀਤੇ ਜਾਣ:

(ੳ) ਹਰ ਜ਼ਿਲ੍ਹੇ ਵਿਚ ਜ਼ਿਲ੍ਹਾ ਸਿੱਖਿਆ ਅਫ਼ਸਰ ਤਾਇਨਾਤ ਕੀਤਾ ਜਾਵੇ।

(ਅ) ਜਾਂ ਫੇਰ ਜ਼ਿਲ੍ਹਾ ਸਿੱਖਿਆ ਦਫ਼ਤਰਾਂ ਵਿਚ ਬੈਠੇ ਕਰੀਬ 40 ਪੱਕੇ ਅਤੇ ਕਰੀਬ 20 ਠੇਕੇ ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਮੁੱਖ ਦਫ਼ਤਰ ਪਟਿਆਲਾ ਵਿਚ ਬਦਲਿਆ ਜਾਵੇ ਤਾਂ ਜੋ ਉਨ੍ਹਾਂ ਤੋਂ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਕੰਮ ਲਿਆ ਜਾ ਸਕੇ। ਭਾਸ਼ਾ ਵਿਭਾਗ ਦਾ ਹਰ ਸਾਲ ਖਰਚ ਹੁੰਦਾ ਕਰੋੜਾਂ ਰੁਪਇਆ ਬਚਾਇਆ ਜਾਵੇ ਅਤੇ ਉਸ ਰਕਮ ਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪ੍ਰਯੋਗ ਕੀਤਾ ਜਾਵੇ।

(ੲ) ਦਿੱਲੀ, ਚੰਡੀਗੜ੍ਹ ਅਤੇ ਪਟਿਆਲਾ ਵਿਚ ਤਾਇਨਾਤ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਉੱਥੋਂ ਤੁਰੰਤ ਬਦਲ ਕੇ ਉਨ੍ਹਾਂ ਨੂੰ ਪੰਜਾਬ ਦੇ ਵੱਡੇ ਜ਼ਿਲ੍ਹਿਆਂ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਪਟਿਆਲਾ, ਫਿਰੋਜ਼ਪੁਰ ਆਦਿ ਬਦਲਿਆ ਜਾਵੇ ਤਾਂ ਜੋ ਉਹ ਪੰਜਾਬੀ ਦੇ ਵਿਕਾਸ ਵਿਚ ਆਪਣੀ ਬਣਦੀ ਭੂਮਿਕਾ ਨਿਭਾ ਸਕਣ।

ਕੁਲਦੀਪ ਸਿੰਘ
ਮੁੱਖ ਸੰਚਾਲਕ